# ETT Recognition

ਦਫਤਰ ਡਾਇਰੈਕਟਰ ਰਾਜ ਵਿਦਿਆ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ।
ਬਲਾਕ-ਈ, ਛੇਵੀਂ ਮੰਜਿਲ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ।
ਫੋਨ ਨੰ:0172-2212221, ਫੈਕਸ 0172-2212793

ਹੁਕਮ ਨੰ: 9/67-12 ਡਾਇਟ(3)
ਮਿਤੀ,ਅਜੀਤਗੜ੍ਹ: 22-07-2014

ਨਿਊ ਯੂਨੀਵਰਸਲ ਕਾਲਜ ਆਫ ਐਜੂਕੇਸ਼ਨ ਪਲਾਟ ਨੰ:681, ਪਿੰਡ ਬਲੋਪੁਰ, ਡਾਕਘਰ ਲਾਲੜੂ ਜਿਲਾ ਮੁਹਾਲੀ ਜਿਸ ਨੂੰ ਐਨ.ਸੀ.ਟੀ.ਈ. ਜੈਪੁਰ ਦੇ ਪੱਤਰ ਨੰ: NRC/NCTE/NRCAPP-2449-210th meeting/ 2012/ 37978 ਮਿਤੀ 01-03-2013 ਰਾਹੀਂ ਰਿਕੋਗਨਾਈਜੇਸ਼ਨ ਦਿੱਤੀ ਗਈ ਹੈ, ਨੂੰ ਈ.ਟੀ.ਟੀ (ਡੀ.ਐਲ.ਐਡ). ਦਾ ਕੋਰਸ ਇਕ ਯੂਨਿਟ (50 ਬੱਚੇ) ਚਲਾਉਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਪ੍ਰੋਵੀਜਨਲ ਐਫਲੀਏਸ਼ਨ ਸਰਕਾਰ ਦੀ ਪ੍ਰਵਾਨਗੀ ਨਾਲ ਦਿੱਤੀ ਜਾਂਦੀ ਹੈ:-

ਸ਼ਰਤਾਂ

1. ਕਾਲਜ ਦੀ ਪ੍ਰਬੰਧਕ ਕਮੇਟੀ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਨਿਰਧਾਰਿਤ ਸਟਾਫ ਹਰ ਸਮੇਂ ਪੂਰਾ ਰੱਖਣਾ ਯਕੀਨੀ ਬਣਾਵੇਗੀ। ਸਟਾਫ ਦੀ ਯੋਗਤਾ ਐਨ.ਸੀ.ਟੀ.ਈ. ਦੇ ਨਾਰਮ ਅਤੇ ਪੰਜਾਬ ਸਰਕਾਰ ਦੇ ਰੂਲਾਂ ਅਨੁਸਾਰ ਹੋਵੇਗੀ। ਸਟਾਫ ਦੀ ਨਿਯੁਕਤੀ ਸਮੇਂ ਐਸ.ਸੀ.ਈ.ਆਰ.ਟੀ.ਈ. ਪੰਜਾਬ ਦਾ ਨੁਮਾਇਦਾ ਹੋਣਾ ਜਰੂਰੀ ਹੈ। ਕਰਮਚਾਰੀ ਵਲੋਂ ਨੋਕਰੀ ਛੱਡਣ ਜਾਂ ਉਸਨੂੰ ਨੋਕਰੀ ਤੋਂ ਕੱਢਣ ਸਬੰਧੀ ਤੁਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇਗਾ।
2. ਸੰਸਥਾ ਵਿਚ ਦਾਖਲਾ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਨੀਤੀ ਅਨੁਸਾਰ ਹੀ ਕੀਤਾ ਜਾਵੇਗਾ।
3. ਦਾਖਲ ਕੀਤੇ ਸਿੱਖਿਆਰਥੀਆਂ ਦੇ ਇਕ ਸੈਸ਼ਨ ਦੌਰਾਨ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਲੈਕਚਰ ਪੂਰੇ ਹੋਣੇ ਚਾਹੀਦੇ ਹਨ।
4. ਸਿੱਖਿਆਰਥੀਆਂ ਦੀ ਈ.ਟੀ.ਟੀ. ਵਿਚ ਅਪਲਾਈ ਕਰਨ ਦੀ ਮਿਤੀ ਨੂੰ ਰਾਜ ਸਰਕਾਰ ਵਲੋਂ ਨਿਰਧਾਰਤਿ ਯੋਗਤਾ ਪੂਰੀ ਹੋਣੀ ਚਾਹੀਦੀ ਹੈ।
5. ਦਾਖਲ ਕੀਤੇ ਸਿੱਖਿਆਰਥੀਆਂ ਤੋਂ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਫੀਸ ਹੀ ਲਈ ਜਾਵੇਗੀ।
6. ਇਹ ਐਫਲੀਏਸ਼ਨ ਨਿਯਮਾਂ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਕਿ ਸੇ ਸਮੇਂ ਵੀ ਵਾਪਸ ਲਈ ਜਾ ਸਕਦੀ ਹੈ। ਐਨ.ਸੀ.ਟੀ.ਈ ਵਲੋਂ ਦਿੱਤੀ ਰਿਕੋਗਨੀਸ਼ਨ ਵਾਪਸ ਲੈਣ ਤੇ ਇਹ ਐਫਲੀਏਸ਼ਨ ਰੱਦ ਸਮਝੀ ਜਾਵੇਗੀ। ਇਸ ਸਬੰਧੀ ਵੱਖਰੇ ਤੌਰ ਤੇ ਹੁਕਮ ਜਾਰੀ ਨਹੀਂ ਕੀਤੇ ਜਾਣਗੇ। ਮੁੜ ਰਿਕੋਗਨਾਈਜੇਸ਼ਨ ਮਿਲਣ ਉਪਰੰਤ ਮੁੜ ਐਫਲੀਏਸ਼ਨ ਲੈਣੀ ਪਵੇਗੀ।
7. ਜੇਕਰ ਜਮੀਨ ਸੁਸਾਇਟੀ/ਟਰੱਸਟ ਦੇ ਨਾਮ ਤੇ ਹੈ, ਜਮੀਨ ਛੇ ਮਹੀਨੇ ਦੇ ਅੰਦਰ-2 ਸੰਸਥਾ ਦੇ ਨਾਮ ਤੇ ਕਰਨੀ ਯਕੀਨੀ ਬਣਾਇਆ ਜਾਵੇ। ਇਹ ਕਾਰਵਾਈ ਕਰਕੇ ਜਮੀਨੇ ਦੇ ਨਵੇਂ ਕਾਗਜਾਤ ਦੀ ਕਾਪੀ ਮਿਥੇ ਸਮੇਂ ਦੇ ਅੰਦਰ-2 ਰਿਜਨਲ ਕਮੇਟੀ ਅਤੇ ਇਸ ਦਫਤਰ ਨੂੰ ਭੇਜੀ ਜਾਵੇ। ਮਿਥੇ ਸਮੇਂ ਦੇ ਅੰਦਰ-2 ਇਹ ਕਾਰਵਾਈ ਨਾ ਕਰਨ ਦੀ ਸੂਰਤ ਵਿਚ ਇਸ ਦਫਤਰ ਵਲੋਂ ਰਿਕੋਗਨੀਸ਼ਨ/ਐਫਲੀਏਸ਼ਨ ਰੱਦ ਕਰਨ ਸਬੰਧੀ ਕਾਰਵਾਈ ਅਰੰਭ ਕੀਤੀ ਜਾਵੇਗੀ।
8. ਐਨ.ਸੀ.ਟੀ.ਈ. ਵਲੋਂ ਸਮੇਂ-2 ਸਿਰ ਨਿਰਧਾਰਿਤ ਕੀਤੇ ਨਾਰਮ ਇਸ ਸੰਸਥਾ ਤੇ ਲਾਗੂ ਹੋਣਗੇ। ਕਿਸੇ ਸਮੇਂ ਵੀ ਕਿਸੇ ਕਿਸਮ ਦੀ ਅਣਗਹਿਲੀ/ਕਮੀ ਪਾਏ ਜਾਣ ਤੇ ਇਹ ਐਫਲੀਏਸ਼ਨ ਰੱਦ ਕੀਤੀ ਜਾ ਸਕਦੀ ਹੈ।
9. ਇਸ ਦਫਤਰ ਦੀ ਵੈਬਸਾਇਟ wwwscertpunjab.ac.in ਹਰ ਰੋਜ ਚੈਕ ਕੀਤੀ ਜਾਵੇ। ਵੈਬਸਾਇਟ ਵਿਚ ਇਸ ਦਫਤਰੋਂ ਵਲੋਂ ਮੰਗੀ ਗਈ ਸੂਚਨਾਂ ਤੁਰੰਤ ਇਸ ਦਫਤਰ ਨੂੰ ਉਪਲਬਧ ਕਰਵਾਈ ਜਾਵੇ
10. ਐਨ.ਸੀ.ਟੀ.ਈ. ਵਲੋਂ ਜਾਰੀ ਰਿਕੋਗਨੀਸ਼ਨ ਪੱਤਰ ਵਿਚ ਲੱਗੀਆਂ ਸਾਰੀਆਂ ਸ਼ਰਤਾਂ ਦੀ ਪੂਰਤੀ ਕਰਨਾ ਵੀ ਯਕੀਨੀ ਬਣਾਇਆ ਜਾਵੇਗਾ।
11. ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਅੱਗ ਬਚਾਉ ਜੰਤਰਾਂ ਸਬੰਧੀ ਸਮੇਂ ਸਮੇਂ ਤੇ ਸਰਟੀਫਿਕੇਟ ਪ੍ਰਾਪਤ ਕਰਕੇ ਭੇਜੇ ਜਾਣ।
12. ਸੁਸਾਇਟੀ/ਟਰਸਟ ਵਲੋਂ ਸੰਸਥਾ ਚਲਾਉਣ ਲਈ ਸਰਕਾਰ ਤੋਂ ਕਿਸੇ ਕਿਸਮ ਦੀ ਸਹਾਇਤਾ ਦੀ ਮੰਗ ਨਹੀਂ ਕੀਤੀ ਜਾਵੇਗੀ।

ਸਹੀ/-
ਪੰਕਜ ਸ਼ਰਮਾ
ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ।

# ETT Recognition

(2)

ਪਿੱਠ ਅੰਕਣ ਨੰ: 9/67-12 ਡਾਇਟ(3) ਮਿਤੀ,ਮੁਹਾਲੀ: 24-7-14

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿ-5ਸ਼ਾਖਾ),ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ।
2. ਸੁਪਰਡੰਟ ਪ੍ਰੀਖਿਆ ਸ਼ਾਖਾ
3. ਚੇਅਰਮੈਨ, ਨਿਊ ਯੂਨੀਵਰਸਲ ਕਾਲਜ ਆਫ ਐਜੂਕੇਸ਼ਨ ਪਲਾਟ ਨੰ:681, ਪਿੰਡ ਬਲੋਪੁਰ, ਡਾਕਘਰ ਲਾਲੜੂ ਜਿਲਾ ਮੁਹਾਲੀ।
4. ਰੀਜਨਲ ਡਾਇਰੈਕਟਰ, ਐਨ.ਸੀ.ਟੀ.ਈ. ਜੈਪੁਰ, 20/198, ਕਵੇਰੀ ਪੱਥ, ਮਾਨਸਰੋਵਰ, ਜੈਪੁਰ-302020 (ਰਾਜਸਥਾਨ)।

ਡਿਪਟੀ ਡਾਇਰੈਕਟਰ (ਮੁਲਅੰਕਣ)